ਪੰਜਾਬ ਸਕੂਲ ਸਿੱਖਿਆ ਬੋਰਡ

ਵਿਸ਼ਾ - ਦੱਸਵੀ ਜਮਾਤ ਮਾਰਚ 2026 ਦੇ ਸਮਾਜਿਕ ਸਿੱਖਿਆ ( 06) ਵਿਸ਼ੇ ਦੀਆਂ ਹੱਲ ਹੋਈਆ ਉਤਰ ਪੱਤਰੀਆਂ ਦੀ ਆਨ ਸਕਰੀਨ ਮਾਰਕਿੰਗ ਸਬੰਧੀ ਹਦਾਇਤਾਂ ।

ਉਪਰੋਕਤ ਵਿਸੇ ਸਬੰਧੀ ਸਮੂਹ ਪ੍ਰਿੰਸੀਪਲ ਸਾਹਿਬਾਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦੱਸਵੀ ਜਮਾਤ ਮਾਰਚ 2026 ਦੇ ਸਮਾਜਿਕ ਸਿੱਖਿਆ (06) ਵਿਸ਼ੇ ਦੀਆਂ ਹੱਲ ਹੋਈਆ ਉਤਰ ਪੱਤਰੀਆਂ ਦੀ ਮਾਰਕਿੰਗ ਦਾ ਕਾਰਜ ਆਨ ਸਕਰੀਨ ਮਾਰਕਿੰਗ ਵਿਧੀ ਰਾਹੀਂ ਸਮਾਜਿਕ ਸਿੱਖਿਆ ਵਿਸ਼ੇ ਦੇ ਅਧਿਆਪਕਾਂ ਵੱਲੋਂ ਕੀਤੀ ਜਾਣੀ ਹੈ। ਇਹ ਕਾਰਜ ਅਧਿਆਪਕਾਂ ਵੱਲੋਂ ਆਪਣੇ ਸਕੂਲਾਂ ਦੀ ਕੰਪਿਊਟਰ ਲੈਬ ਵਿੱਚ ਲੱਗੇ ਕੰਪਿਊਟਰਾਂ ਤੇ ਜਾਂ ਨਿਜੀ ਲੈਪਟਾਪ ਤੇ ਸਕੂਲ ਵਿੱਚ ਹੀ ਕਿਸੇ ਸੁੱਰਖਿਅਤ ਕਮਰੇ ਵਿੱਚ ਹੀ ਕੀਤੀ ਜਾਵੇ। ਸਕੂਲ ਮੁਖੀ ਇਹ ਯਕੀਨੀ ਬਨਾਉਣਗੇ ਕਿ ਕਿਸੇ ਵੀ ਹਾਲਤ ਵਿੱਚ ਮਾਰਕਿੰਗ ਸਕੂਲ ਤੋਂ ਬਾਹਰ ਨਾਂ ਕੀਤੀ ਜਾਵੇ । ਜੇਕਰ ਕਿਸੇ ਵੀ ਅਧਿਆਪਕ ਵੱਲੋਂ ਮਾਰਕਿੰਗ ਸਕੂਲ ਤੋਂ ਬਾਹਰ ਕੀਤੀ ਜਾਂਦੀ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

ਉਕਤ ਸਬੰਧੀ ਸਮੂਹ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਨ-ਸਕਰੀਨ ਮਾਰਕਿੰਗ ਲਈ ਸਕੂਲ ਦੀ ਕੰਪਿਊਟਰ ਲੈਬ ਅਤੇ ਹੋਰ ਲੋੜੀਂਦੀਆਂ ਸੁਵਿਧਾਵਾਂ ਦੇ ਯੋਗ ਪ੍ਰਬੰਧ ਕੀਤੇ ਜਾਣ ਤਾਂ ਜੋ ਮਾਰਕਿੰਗ ਦਾ ਕਾਰਜ ਸੁਚਾਰੂ ਤਰੀਕੇ ਨਾਲ ਹੋ ਸਕੇ।

10/3/26

ਸਹਾਇਕ ਸਕੱਤਰ ( ਗੁਪਤ)

ਪੰਜਾਬ ਸਕੂਲ ਸਿੱਖਿਆ ਬੋਰਡ

ਪਸਸਬ/ ਗੁਪਤ /495 ਮਿੱਤੀ :-10/03/2026

Scanned with OKEN Scanner